ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ-8, ਅਜੀਤਗੜ੍ਹ (ਪੰਜਾਬ)

ਵੱਲ,

1) ਮੰਡਲ ਸਿੱਖਿਆ ਅਫਸਰ(ਨਾਭਾ, ਫਰੀਦਕੋਟ, ਜਲੰਧਰ)
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ), ਪੰਜਾਬ
3) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ), ਪੰਜਾਬ
4) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ
5) ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: ਸਸਅ/ਐਸ.ਟੀ.ਆਰ./Access/ਸਰਵੇ/2014-15/ 20/44963
ਮਿਤੀ, ਅਜੀਤਗੜ੍ਹ: 29/10/14

ਵਿਸ਼ਾ: - **ਸਕੂਲ ਮੈਪਿੰਗ/Habitations(Served & Unserved) ਲਈ ਸਰਵੇ ਕਰਵਾਉਣ ਸਬੰਧੀ ਦਿਸ਼ਾ ਨਿਰਦੇਸ਼।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਸਿੱਖਿਆ ਦੇ ਅਧਿਕਾਰ ਐਕਟ 2009 ਤਹਿਤ ਸਰਕਾਰ ਵਲੋਂ ਹਰੇਕ 6 ਤੋਂ 14 ਸਾਲ ਦੀ ਉਮਰ ਗੁੱਟ ਦੇ ਬੱਚੇ ਨੂੰ ਸਕੂਲ ਵਿਚ ਲਿਆਉਣਾ ਤੇ ਉਸ ਨੂੰ ਅੱਠਵੀ ਜਮਾਤ ਤੱਕ ਮੁਫਤ ਸਿੱਖਿਆ ਦੇਣਾ ਲਾਜ਼ਮੀ ਹੈ।ਇਸ ਮੰਤਵ ਦੇ ਮਦੇਨਜ਼ਰ ਸਾਲ 2014-15 ਲਈ ਸਕੂਲ ਮੈਪਿੰਗ/Habitations(Served & Unserved) ਕਰਵਾਈ ਜਾਣੀ ਹੈ।ਹੇਠ ਦਿੱਤੇ ਨਾਰਮ ਅਨੁਸਾਰ ਸਕੂਲ ਮੈਪਿੰਗ/Habitations(Served & Unserved) ਲਈ ਰਿਕਾਰਡ ਤਿਆਰ ਕੀਤਾ ਜਾਣਾ ਹੈ:

Under section 6 and 38 of RTE Act 2009 that areas or limits of the neighborhood from schools has to be established on the recommendation of a local authority by the State Government shall be as under :-

(a) In respect of children of classes I to V a school shall be established within a distance of one kilometer from the place of their habitation; and

(b) In respect of children of classes VI to VIII, a school shall be established within a distance of three kilometer from the place of their habitation.

3.0 ਸਰਵੇਖਣ ਦੌਰਾਨ ਸ਼ਨਾਖਤ ਕੀਤੇ ਗਏ ਸਕੂਲ ਮੈਪਿੰਗ/Habitations(Served & Unserved) ਵਿੱਚ ਬੱਚਿਆਂ ਦੀ ਸਮੂਹ ਸੂਚਨਾ ਦਿੱਤੇ ਗਏ ਪ੍ਰਫਾਰਮੇ/ਲਾਜ਼ਮੀ ਤਾਲੀਮ ਰਜਿਸਟਰ ਅਤੇ ਪੇਂਡੂ ਸਿੱਖਿਆ ਰਜਿਸਟਰ/ਵਾਰਡ ਸਿੱਖਿਆ ਰਜਿਸਟਰ ਵਿਚ ਇੰਦਰਾਜ ਕੀਤਾ ਜਾਵੇ ਤਾਂ ਕਿ ਇਹਨਾਂ ਰਜਿਸਟਰਾਂ ਵਿਚ ਇੰਦਰਾਜ ਕੀਤੇ ਗਏ ਸਕੂਲ ਮੈਪਿੰਗ/Habitations(Served & Unserved) ਵਿੱਚ ਬੱਚਿਆਂ ਦੀ ਵੈਰੀਫੀਕੇਸ਼ਨ ਸਮੇਂ-ਸਮੇਂ ਸਿਰ ਕੀਤੀ ਜਾ ਸਕੇ।

4.0 ਇਹ ਸਰਵੇਖਣ ਪੰਜਾਬ ਰਾਜ ਦੇ ਹਰੇਕ ਸਕੂਲ/ਖੇਤਰ ਵਿਚ ਕੰਮ ਕਰ ਰਹੇ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਾਂ ਵਲੋਂ ਇਹ ਸਪੈਸ਼ਲ ਸਰਵੇਖਣ ਉਸੇ ਪਿੰਡ/ਵਾਰਡ ਵਿਚ ਕੀਤਾ ਜਾਵੇਗਾ ਜਿਥੇ ਉਹ ਤਾਇਨਾਤ ਹਨ।

5.0 ਇਸ ਸਰਵੇਖਣ ਵਿਚ 6 ਤੋਂ 14 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਸ਼ਾਮਲ ਕੀਤਾ ਜਾਵੇਗਾ।

6.0 ਸਕੂਲ ਮੈਪਿੰਗ/Habitations(Served & Unserved) ਲਈ ਸੈਂਟਰਲ ਬਿੰਦੂ (Central Point) ਪਿੰਡ/ਸ਼ਹਿਰ ਵਿੱਚ ਪੰਚਾਇਤ ਘਰ/ਬੱਸ ਸਟੇਂਡ/ਰੇਲਵੇ ਸ਼ਟੇਸ਼ਨ/ਗੁਰਦੁਆਰ ਜਾਂ ਕੋਈ ਮੇਨ ਸਰਕਾਰੀ ਇਮਾਰਤ ਮੰਨਿਆ ਜਾਵੇ।

7.0 ਸਰਵੇਖਣ ਦੌਰਾਨ ਲੋੜ ਪੈਣ ਤੇ ਸਕੂਲ ਮੈਨਜ਼ਮੈਂਟ ਕਮੇਟੀ (SMC) ਦੇ ਮੈਬਰਾਂ ਦੀ ਵੀ ਮੱਦਦ ਲਈ ਜਾ ਸਕਦੀ ਹੈ।

8.0 ਸਰਵੇਖਣ ਸਬੰਧੀ ਸਮੂਹ ਕੰਮ-ਕਾਜ ਮਿਤੀ: 30/10/2014 ਤੋਂ 20/11/2014 ਤੱਕ ਮੁਕੰਮਲ ਕੀਤਾ ਜਾਵੇ।

9.0 ਇਹ ਸਰਵੇਖਣ ਸਕੂਲ ਸਮੇਂ ਦੌਰਾਨ ਸਕੂਲ ਮੁੱਖੀ ਦੀ ਦੇਖ-ਰੇਖ ਹੇਠ ਕੀਤਾ ਜਾਵੇਗਾ।

10.0 ਇਹ ਸਰਵੇਖਣ 6-14 ਸਾਲ ਦੇ ਸਾਰੇ ਬੱਚਿਆਂ ਦਾ ਕੀਤਾ ਜ਼ਾਣਾ ਹੈ।

II. ਸਕੂਲ ਮੁੱਖੀ ਲਈ ਦਿਸ਼ਾ ਨਿਰਦੇਸ਼:-

1) ਸਮੁੱਚਾ ਸਰਵੇਖਣ ਸਬੰਧਤ ਸ.ਪ੍ਰ.ਸ/ਸ.ਐ.ਸ ਦੇ ਸਕੂਲ ਮੁੱਖੀ ਦੀ ਦੇਖ ਰੇਖ ਹੇਠ ਹੋਵੇਗਾ।

2) ਸਬੰਧਤ ਸਕੂਲ ਮੁੱਖੀ ਵਲੋਂ ਸਬੰਧਤ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਾਂ /ਸਰਵੇਖਣ ਕਰਤਾ ਨੂੰ ਸਰਵੇਖਣ ਕਰਨ ਲਈ ਨਿਰਧਾਰਤ ਸਰਵੇਖਣ ਪ੍ਰਫਾਰਮੇ ਸਬੰਧਤ ਬੀ.ਆਰ.ਪੀ/ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਤੋਂ ਉਪਲਬਧ ਕਰਵਾ ਕੇ ਦੇਵੇਗਾ ਅਤੇ ਸਮੇਂ-ਸਮੇਂ ਤੇ ਸਬੰਧਤ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਾਂ/ਸਰਵੇਖਣ ਕਰਤਾ ਨੂੰ ਸਰਵੇਖਣ ਵਿਧੀ ਸਬੰਧੀ ਲੋੜੀਂਦੇ ਦਿਸ਼ਾ ਨਿਰਦੇਸ਼ ਵੀ ਮੁਹੱਈਆ ਕਰਵਾਉਣਗੇ।

3) ਸਕੂਲ ਮੁੱਖੀ ਸਬੰਧਤ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਾਂ/ਸਰਵੇਖਣ ਕਰਤਾ ਪਾਸੋਂ ਸਮੁੱਚੀ ਸਰਵੇਖਣ ਪ੍ਰਫਾਰਮੇ ਪ੍ਰਾਪਤ ਕਰਕੇ **ਲਾਜ਼ਮੀ/ਪੇਂਡੂ/ਵਾਰਡ ਸਿੱਖਿਆ ਰਜਿਸਟਰ** ਵਿਚ ਮਿਤੀ 27/11/2014 ਤੱਕ ਹਰ ਹਾਲਤ ਵਿਚ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਾਂ ਤੋਂ ਇੰਦਰਾਜ ਕਰਵਾਉਣਗੇ।

4) ਜੇਕਰ ਕਿਸੇ ਵੀ ਸਕੂਲ/ਬੱਚੇ ਦਾ **ਡਾਟਾ ਪੇਂਡੂ/ਵਾਰਡ ਸਿੱਖਿਆ ਰਜਿਸਟਰ** ਵਿਚ ਇੰਦਰਾਜ ਹੋਏ ਬਿਨ੍ਹਾ ਰਹਿ ਜਾਂਦਾ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

5) ਸਕੂਲ ਮੁੱਖੀ ਉਹਨਾਂ ਦੇ ਖੇਤਰ ਵਿਚ ਸ਼ਨਾਖਤ ਕੀਤੇ ਗਏ ਬੱਚਿਆਂ/ਸਕੂਲਾਂ ਦੀ ਸਮੂਹ ਸੂਚਨਾ ਇੱਕਤਰ ਕਰਕੇ ਆਪਣੇ ਬੀ.ਪੀ.ਈ.ਓ ਦਫ਼ਤਰ ਵਿਚ ਲੈਕੇ ਜਾਣਗੇ ਅਤੇ ਇਸ ਦਫ਼ਤਰ ਦੇ ਸਬੰਧਤ ਡਾਟਾ ਐਂਟਰੀ ਅਪਰੇਟਰ ਕਮ ਆਫਿਸ ਅਸਿਸਟੈਂਟ ਦੀਆਂ ਸੇਵਾਵਾਂ ਲੈ ਕੇ ਸਰਵੇਖਣ ਦੌਰਾਨ ਸ਼ਨਾਖਤ ਕੀਤੇ ਗਏ ਪੂਰਾ ਰਿਕਾਰਡ ਆਨ-ਲਾਈਨ (On-line) ਐਂਟਰੀ ਕਰਵਾਉਣਗੇ। ਬੱਚਿਆਂ ਦੀ ਆਨ-ਲਾਈਨ ਐਂਟਰੀ ਦਾ ਕੰਮ ਮਿਤੀ 28/11/2014 ਤੋਂ ਮਿਤੀ 24/12/2014 ਤੱਕ ਹਰ ਹਾਲਤ ਵਿਚ ਮੁਕੰਮਲ ਕੀਤਾ ਜਾਵੇਗਾ।

6) ਹਰੇਕ ਸਕੂਲ ਮੁੱਖੀ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ(ਐ.ਸਿ) ਦੇ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਸਬੰਧਤ ਵਾਰਡ/ਪਿੰਡ ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਵੀ ਬੱਚਾ ਕਵਰ ਕਰਨ ਤੋ ਨਹੀ ਰਿਹਾ।

III. ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਲਈ ਦਿਸ਼ਾ ਨਿਰਦੇਸ਼:-

1) ਸਬੰਧਤ ਸਕੂਲ ਮੁੱਖੀਆਂ ਵੱਲੋਂ ਬੀ.ਪੀ.ਈ.ਓ ਦਫ਼ਤਰ ਵਿਖੇ ਇੱਕਤਰ ਕਰਕੇ ਲਿਆਂਦੀ ਗਈ ਸਕੂਲ ਮੈਪਿੰਗ/Habitations(Served & Unserved) ਅਨੁਸਾਰ ਸਮੂਹ ਬੱਚਿਆਂ ਦੀ ਆਨ-ਲਾਇਨ ਐਂਟਰੀ ਕਰਵਾਉਣ ਦੀ ਪੂਰੀ ਜਿੰਮੇਵਾਰੀ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਹੋਵੇਗੀ।

2) ਇਹ ਆਨ-ਲਾਈਨ ਐਂਟਰੀ ਲਈ ਸਬੰਧਤ ਬੀ.ਪੀ.ਈ.ਓ ਵਲੋਂ ਆਪਣੇ ਦਫ਼ਤਰ ਦੇ ਡਾਟਾ ਐਂਟਰੀ ਆਪਰੇਟਰ ਕਮ ਆਫਿਸ ਅਸਿਸਟੈਂਟ ਤੋ ਕਰਵਾਈ ਜਾਵੇਗੀ।

3) ਬੀ.ਪੀ.ਈ.ਓ ਦਫ਼ਤਰ ਦੇ ਡਾਟਾ ਐਂਟਰੀ ਆਪਰੇਟਰ ਕਮ ਆਫਿਸ ਅਸਿਸਟੈਂਟ ਨੂੰ ਮੁੱਖ ਦਫ਼ਤਰ ਵਲੋਂ ਤਿਆਰ ਕੀਤੇ ਗਏ ਸਾਫਟਵੇਅਰ ਵਿਚ ਸਕੂਲ ਮੈਪਿੰਗ/Habitations(Served & Unserved) ਅਨੁਸਾਰ ਸਮੂਹ ਬੱਚਿਆਂ ਦੀ ਆਨ-ਲਾਇਨ ਐਂਟਰੀ ਦੀ ਟ੍ਰੇਨਿੰਗ ਸਬੰਧਤ ਜ਼ਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਅਤੇ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਵਲੋਂ ਦਿੱਤੀ ਜਾਵੇਗੀ। ਹਰੇਕ ਜ਼ਿਲ੍ਹੇ ਦੇ ਹਰੇਕ ਬਲਾਕ ਦੇ ਬੀ.ਪੀ.ਈ.ਓ ਦਫ਼ਤਰ ਨੂੰ ਅਲੱਗ-ਅਲੱਗ Login-ID ਅਤੇ Password ਦਿੱਤਾ ਜਾਵੇਗਾ।

4) ਸਬੰਧਤ ਬਲਾਕ ਅਨੁਸਾਰ ਸਕੂਲ ਮੈਪਿੰਗ/Habitations(Served & Unserved) ਵਿੱਚ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਆਨ-ਲਾਈਨ ਐਂਟਰੀ ਦਾ ਕੰਮ ਸਬੰਧਤ ਬੀ.ਪੀ.ਈ.ਓ ਦਫ਼ਤਰ ਵਿਖੇ ਮਿਤੀ 28/11/2014 ਤੋਂ ਮਿਤੀ 24/12/2014 ਤੱਕ ਹਰ ਹਾਲਤ ਵਿਚ ਮੁਕੰਮਲ ਕੀਤਾ ਜਾਵੇਗਾ।

5) ਸ਼ਨਾਖਤ ਕੀਤੇ ਬੱਚਿਆ ਦੀ ਸਾਫਟਵੇਅਰ ਵਿਚ ਸਹੀ ਆਨ-ਲਾਈਨ ਐਂਟਰੀ ਕਰਵਾਉਣਾ ਅਤੇ ਪੂਰੇ ਆਨ-ਲਾਈਨ ਡਾਟੇ ਦੀ ਪੜਚੋਲ ਕਰਨ ਦੀ ਨਿਰੋਲ ਜਿੰਮੇਵਾਰੀ ਸਬੰਧਤ ਬੀ.ਪੀ.ਈ.ਓ ਦੀ ਹੋਵੇਗੀ।

6) ਹਰੇਕ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੇ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਉਸਦੇ ਬਲਾਕ ਵਿੱਚ ਆਉਦੀ Served ਅਤੇ Unserved Habitation ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਵੀ ਬੱਚਾ ਐਂਟਰੀ ਹੋਣ ਤੋ ਨਹੀਂ ਰਹਿ ਗਿਆ ਹੈ।

IV. ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)/(ਸੈ.ਸਿ) ਲਈ ਦਿਸ਼ਾ ਨਿਰਦੇਸ਼:-

1) ਇਸ ਸਪੈਸ਼ਲ ਸਰਵੇਖਣ ਲਈ ਹਰੇਕ ਪਿੰਡ/ਵਾਰਡ ਵਿਚ 100 ਤੱਕ ਦੀ ਗਿਣਤੀ ਵਾਲੇ ਪਰਿਵਾਰਾਂ ਲਈ ਇੱਕ/ਦੋ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਾਂ ਅਤੇ ਇਸ ਤੋਂ ਵੱਧ ਗਿਣਤੀ ਵਾਲੇ ਪਰਿਵਾਰਾਂ ਵਾਲੇ ਪਿੰਡਾਂ/ਵਾਰਡਾਂ ਵਿਚ ਸਰੇਵਖਣ ਕਰਵਾਉਣ ਲਈ ਲੋੜ ਅਨੁਸਾਰ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਾਂ ਤਾਇਨਾਤ ਕਰਨ ਦੀ ਨਿਰੋਲ ਜਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)/(ਸੈ.ਸਿ) ਦੀ ਹੋਵੇਗੀ।

2) ਜੇਕਰ ਕਿਸੇ ਵਾਰਡ/ਪਿੰਡ ਵਿਚ ਸਕੂਲ ਨਹੀਂ ਹੈ ਤਾਂ ਨਾਲ ਲਗਦੇ ਵਾਰਡ/ਪਿੰਡ ਦੇ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਾਂ ਤੋਂ ਸਰਵੇਖਣ ਕਰਵਾਉਣ ਦੀ ਜਿੰਮੇਵਾਰੀ ਵੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)/(ਸੈ.ਸਿ) ਦੀ ਹੋਵੇਗੀ।

3) ਜੇਕਰ ਕਿਸੇ ਬਲਾਕ ਵਿੱਚ ਬੱਚਿਆ ਦੀ ਗਿਣਤੀ ਜਿਆਦਾ ਹੋਵੇ ਤਾਂ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਾਂ ਜਾਂ ਬਲਾਕ ਪੱਧਰ/ਜ਼ਿਲ੍ਹਾ ਪੱਧਰ ਤੇ ਹੋਰ ਆਫਿਸ ਅਸਿੰਸਟ ਦੀ ਆਨ ਲਾਈਨ ਐਟਰੀ ਕਰਨ ਲਈ ਡਿਉਟੀ ਲਗਾਈ ਜਾ ਸਕਦੀ ਹੈ।

3) ਸਕੂਲ ਮੈਪਿੰਗ ਸਬੰਧੀ ਹੋਰ ਜਾਣਕਾਰੀ ਜ਼ਿਲ੍ਹੇ ਦੇ Town Planning department ਤੋਂ ਸਮੇਤ ਨਕਸ਼ੇ ਲਈ ਜਾ ਸਕਦੀ ਹੈ।

3) ਸਕੂਲ ਮੈਪਿੰਗ/Habitations(Served & Unserved) ਵਿੱਚ ਸ਼ਨਾਖਤ ਕੀਤੇ ਗਏ ਬੱਚਿਆਂ ਦਾ ਸਰਵੇਖਣ ਦਾ ਕੰਮ ਠੀਕ ਰੂਪ ਵਿਚ ਅਤੇ ਵੇਲੇ ਸਿਰ ਕਰਵਾਉਣ ਦੀ ਸਾਰੀ ਜੁੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੀ ਹੋਵੇਗੀ।

4) ਸਰਵੇਖਣ ਫਾਰਮੈਟ ਦਾ ਨਮੂਨਾ ਸਰਵ ਸਿੱਖਿਆ ਅਭਿਆਨ ਦੀ ਮੁੱਖ ਵੈਬਸਾਇਟ ਅਤੇ ਸਪੈਸ਼ਲ ਟ੍ਰੇਨਿੰਗ ਕੰਪੋਨੈਂਟ ਦੇ ਨੋਟਿਸ ਬੋਰਡ ਤੇ ਉਪਲਬਧ ਹੋਣਗੇ ਅਤੇ ਇਹ ਫਾਰਮੈਟ ਇਸ ਕੰਪੋਨੈਂਟ ਦੀ ਈ-ਮੇਲ ਰਾਹੀਂ

ਵੀ ਭੇਜੇ ਜਾਣਗੇ। ਸਮੂਹ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਇਹ ਫਾਰਮੈਟਜ਼ ਸਬੰਧਤ ਈ.ਜੀ.ਐਸ/ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ/ਸਰਵੇਖਣ ਕਰਤਾ ਨੂੰ ਉਪਲਬਧ ਕਰਵਾਉਣਾ ਯਕੀਨੀ ਬਣਾਉਣਗੇ। ਇਸ ਤੇ ਆਉਣ ਵਾਲਾ ਸਮੂਹ ਖਰਚਾ ਸਪੈਸ਼ਲ ਟ੍ਰੇਨਿੰਗ ਮੱਦ ਵਿਚੋਂ ਕੀਤਾ ਜਾਵੇਗਾ।

6) ਹਰੇਕ ਜ਼ਿਲ੍ਹੇ ਦੇ ਸਮੂਚੇ ਪਿੰਡਾਂ/ਵਾਰਡਾਂ ਵਿਚ ਸਰਵੇਖਣ ਕਰਵਾਉਣ ਦਾ ਕੰਮ ਮਿਤੀ 30/10/2014 ਤੋਂ ਸ਼ੁਰੂ ਕਰਕੇ ਮਿਤੀ 20/11/2014 ਤੱਕ ਸਮਾਪਤ ਕੀਤਾ ਜਾਵੇਗਾ।

7) ਸ਼ਨਾਖਤ ਕੀਤੇ ਗਏ ਦਾ ਬਲਾਕ ਵਾਈਜ਼ ਆਨ-ਲਾਇਨ ਡਾਟਾ ਸਬੰਧਤ ਬਲਾਕ ਤੋਂ ਕੰਪਿਊਟਰ ਦੀ ਆਨ-ਲਾਇਨ ਵਿੱਧੀ ਰਾਹੀਂ ਸਬੰਧਤ ਜ਼ਿਲ੍ਹੇ ਦੇ ਐਮ.ਆਈ.ਐਸ ਕੋਆਰਡੀਨੇਟਰ ਜਾਂ ਫਿਰ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਨੂੰ ਪੁੱਜਦਾ ਕੀਤਾ ਜਾਵੇਗਾ ਅਤੇ ਇਸ ਉਪਰੰਤ ਇਸੇ ਆਨ-ਲਾਇਨ ਵਿੱਧੀ ਰਾਹੀਂ ਸਮੂਹ ਜ਼ਿਲ੍ਹਿਆਂ ਵਿਚ ਸ਼ਨਾਖਤ ਕੀਤੇ ਗਏ ਸਮੂਹ ਬੱਚਿਆ ਦਾ ਡਾਟਾ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਵਲੋਂ ਮੁੱਖ ਦਫ਼ਤਰ ਨੂੰ ਪੁੱਜਦਾ ਕੀਤਾ ਜਾਵੇਗਾ।

9) ਹਰੇਕ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਮੁੱਖ ਦਫ਼ਤਰ ਨੂੰ ਮਿਤੀ 27/12/2014 ਤੱਕ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਉਸਦੇ ਜ਼ਿਲ੍ਹੇ ਵਿੱਚ ਸਕੂਲ ਮੈਪਿੰਗ/Habitations(Served & Unserved) ਵਿੱਚ ਸ਼ਨਾਖਤ ਕੀਤੇ ਗਏ 6 ਤੋਂ 14 ਸਾਲ ਦੀ ਉਮਰ ਦਾ ਬੱਚਾ ਕੋਈ ਸਰਵੇ ਵਿੱਚ ਆਉਣ ਤੋ ਨਹੀਂ ਰਹਿ ਗਿਆ।

11.0 ਇਸ ਸਪੈਸ਼ਲ ਸਰਵੇਖਣ ਸਕੂਲ ਮੈਪਿੰਗ/Habitations(Served & Unserved) ਦੇ ਸਮੂਹ ਰਿਕਾਰਡ ਨੂੰ ਮੇਨਟੇਨ ਕਰਨ ਦੀ ਜ਼ੁੰਮੇਵਾਰੀ ਸਬੰਧਤ ਪਿੰਡ/ਵਾਰਡ ਦੇ ਸੂਕਲ ਮੁੱਖੀ ਦੀ ਹੋਵੇਗੀ ਅਤੇ ਜੇਕਰ ਕਿਸੇ ਪਿੰਡ/ਵਾਰਡ ਵਿਚ ਇੱਕ ਤੋਂ ਵੱਧ ਸਕੂਲ ਪੈਂਦੇ ਹਨ ਤਾਂ ਸਰਵੇਖਣ ਦੇ ਰਿਕਾਰਡ ਨੂੰ ਮੇਨਟੇਨ ਕਰਨ ਸਬੰਧੀ ਫੈਸਲਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਵਲੋਂ ਕੀਤਾ ਜਾਵੇਗਾ।

12.0 ਸਪੈਸ਼ਲ ਸਰਵੇਖਣ ਦੀ ਸਮੂਹ ਪ੍ਰਕ੍ਰਿਆ ਨੂੰ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਅਤੇ (ਸੈ.ਸਿ) ਆਪਸ ਵਿਚ ਤਾਲਮੇਲ ਕਰਕੇ ਸਮੇਂ ਸਿਰ ਨੇਪਰੇ ਚਾੜ੍ਹਨਗੇ।

13.0 ਸਕੂਲ ਮੈਪਿੰਗ/Habitations(Served & Unserved) ਦੇ ਸਰਵੇਖਣ ਸਬੰਧੀ ਟ੍ਰੇਨਿੰਗ ਅਤੇ ਪ੍ਰਫਾਰਮੇ ਜ਼ਿਲ੍ਹਾ ਪੱਧਰ ਤੇ ਐਮ.ਆਈ.ਐਸ ਕੋਆਰਡੀਨੇਟਰ ਵੱਲੋ ਦਿੱਤੀ ਜਾਵੇਗੀ।

14.0 ਦਿਸ਼ਾ ਨਿਰਦੇਸ਼ਾਂ ਦੀ ਕਾਪੀ ਅਤੇ ਸਰਵੇ ਸਬੰਧੀ ਪ੍ਰੋਫਾਰਮੇ ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਮੁੱਖ ਵੈਬ ਸਾਈਟ ssapunjab.org ਜਾਂ ਫਿਰ ਸਪੈਸ਼ਲ ਟ੍ਰੇਨਿੰਗ ਕੰਪੋਨੈਂਟ ਦੇ Notice Board ਤੋਂ ਡਾਊਨਲੋਡ ਕਰਕੇ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

15.0 ਉੱਕਤ ਅਨੁਸਾਰ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰਜਾਬ,ਅਜੀਤਗੜ੍ਹ।

ਪਿੱਠ ਅੰਕਣ ਨੰ: ਸਸਅ/ਐਸ.ਟੀ.ਆਰ./Access/ਸਰਵੇ/2014-15/ਉਕਤ ਮਿਤੀ,ਅਜੀਤਗੜ੍ਹ:29/10/14

ਉਪਰੋਕਤ ਦਾ ਉਤਾਰਾ ਡਾਇਰੈਕਟਰ, ਸਥਾਨਕ ਸਰਕਾਰਾਂ ਅਤੇ ਡਾਇਰੈਕਟਰ, ਪੰਚਾਇਤੀ ਰਾਜ ਸੰਸਥਾਵਾਂ ਨੂੰ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰਜਾਬ,ਅਜੀਤਗੜ੍ਹ।

Performa for School Mapping

District :		CD Block :		ED Block :		Tehsil :		Village / Ward:	
						Name of the Village/ward:			
						Name of Habitation(if any):		Distance of habitation from village :	

	Primary School	Middle School	High School	Sr. Sec. School
* Distance of nearest school from habitation/village/ward				

House No.	Name of Child	Gender	Date of Birth	Father Name	Mother Name	# Caste ?	Permanent Resident / Migrated ?	$ Type fo Disability ?	Belongs to Weaker section / Disadvantage Group ?	Whether Child go to School ?	If Yes			
										Yes / No	** Type of School	*** Category of School	Name of School	Class

Note

* Central point can be Panchayat-Ghar/any important govt. building/Bus- stand/ Railway Station/ Gurudwara or any other Important land mark commonly used for named village.

:: General / SC / ST / OBC

$ :: Disability Type (Ortho/Visual/Hearing Impaired/Mentally Retarded)

** :: Govt. / Aided / Private

** *:: Primary / Middle / High / Sr. Sec.